# ਪੰਜਾਬ ਸਕੂਲ ਸਿੱਖਿਆ ਬੋਰਡ

ਐਸ. ਏ. ਐਸ. ਨਗਰ (ਮੋਹਾਲੀ) - 160 062

# PUNJAB SCHOOL EDUCATION BOARD

S.A.S. Nagar (Mohali)-160 062

ਨੰਬਰ 1199/ਉ.ਪ ਮੁਕਾਬਲਾ (ਓਲੰ.)

ਮਿਤੀ 24/12/25

ਵੱਲ

ਸਮੂਹ ਜਿਲਾ ਸਿੱਖਿਆ ਅਫਸਰ (ਐ. ਸਿ), ਪੰਜਾਬ

ਸਮੂਹ ਜਿਲਾ ਸਿੱਖਿਆ ਅਫਸਰ (ਸੈ. ਸਿ), ਪੰਜਾਬ

**ਵਿਸ਼ਾ : ਤੀਜੇ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ, 2025 ਲਈ ਰਜਿਸ਼ਟਰਡ ਹੋਏ ਪ੍ਰੀਖਿਆਰਥੀਆਂ ਦਾ ਡਾਟਾ ਸਕੂਲਾਂ ਨਾਲ ਲਿੰਕ ਕਰਨ ਸਬੰਧੀ।**

ਉਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਤੀਜੇ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ, 2025 ਲਈ ਕੁਝ ਸਕੂਲਾਂ ਵੱਲੋਂ ਆਪਣੇ ਸਕੂਲ ਦੇ ਪ੍ਰੀਖਿਆਰਥੀਆਂ ਦੀ ਰਜਿਸ਼ਟਰੇਸ਼ਨ ਸਕੂਲ ਲਾਗਇੰਨ ਆਈ. ਡੀ. ਅਧੀਨ ਕਰਨ ਦੀ ਬਜਾਏ Individual ਤੌਰ ਤੇ ਜਾਂ Group ਰਾਹੀਂ ਕਰ ਦਿੱਤੀ ਗਈ ਸੀ। ਅਜਿਹੇ ਪ੍ਰੀਖਿਆਰਥੀਆਂ ਨੂੰ ਸਕੂਲ ਲਾਗਇੰਨ ਆਈ. ਡੀ. ਅਧੀਨ ਆਪਣੇ ਸਕੂਲਾਂ ਵਿੱਚ Import/Add ਕਰਨ ਲਈ ਮਿਤੀ 05-12-2025 ਤੱਕ ਸਮ੍ਹਾਂ ਦਿੱਤਾ ਗਿਆ ਸੀ ਪ੍ਰੰਤੂ ਕਾਫੀ ਸਕੂਲਾਂ ਵੱਲੋਂ ਆਪਣੇ ਪ੍ਰੀਖਿਆਰਥੀਆਂ ਨੂੰ ਸਕੂਲਾਂ ਵਿੱਚ Import/Add ਨਹੀਂ ਕੀਤਾ ਗਿਆ।

ਇਸ ਲਈ ਆਪ ਜੀ ਰਾਹੀਂ ਪੰਜਾਬ ਸਕੂਲ ਸਿੱਖਿਆ ਬੋਰਡ ਅਤੇ ਹੋਰ ਬਾਹਰਲੇ ਬੋਰਡਾਂ ਦੇ ਸਾਰੇ ਸਕੂਲਾਂ ਨੂੰ ਮਿਤੀ 31/12/2025 ਤੱਕ ਇੱਕ ਹੋਰ ਮੌਕਾ ਦਿੰਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੂਲਾਂ ਵੱਲੋਂ ਵੈਬਸਾਈਟ https://olympiad.pseb.ac.in/ ਤੇ ਸਕੂਲ ਲਾਗਇੰਨ ਆਈ. ਡੀ. ਅਧੀਨ ਬਾਕੀ ਰਹਿੰਦੇ ਪ੍ਰੀਖਿਆਰਥੀਆਂ ਨੂੰ Import ਕਰ ਲਿਆ ਜਾਵੇ ਅਤੇ ਬਾਕੀ ਬੋਰਡਾਂ ਦੇ ਸਕੂਲਾਂ ਵੱਲੋਂ ਪ੍ਰੀਖਿਆਰਥੀ ਦੀ ਜਾਂ ਗਰੁੱਪ ਦੀ ਲਾਗਇੰਨ ਆਈ. ਡੀ.

ਅਧੀਨ ਬੋਰਡ ਦਾ ਨਾਮ ਅਤੇ UDISE Code ਭਰਦੇ ਹੋਏ ਡਾਟਾ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ ਜੀ। ਇਸ ਮਿਤੀ ਤੋਂ ਬਾਅਦ ਕੋਈ ਹੋਰ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਇਸ ਮਿਤੀ ਤੋਂ ਬਾਅਦ ਇਸ ਸਬੰਧੀ ਪ੍ਰਾਪਤ ਕਿਸੇ ਵੀ ਪ੍ਰਤੀਬੇਨਤੀ ਨੂੰ ਵਿਚਾਰਿਆ ਨਹੀਂ ਜਾਵੇਗਾ। ਇਸ ਮਿਤੀ ਤੱਕ ਜੋ ਪ੍ਰੀਖਿਆਰਥੀ ਸਕੂਲਾਂ ਨਾਲ ਲਿੰਕ ਜਾਣਗੇ, ਉਸ ਅਨੁਸਾਰ ਹੀ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਸਕੂਲਾਂ ਦੀਆਂ ਇਨਾਮ ਲਈ ਸੂਚੀਆ ਤਿਆਰ ਕਰਦੇ ਹੋਏ ਇਨਾਮਾਂ ਦੀ ਵੰਡ ਕੀਤੀ ਜਾਵੇਗੀ।

ਉੱਪ-ਸਕੱਤਰ(ਅਕਾਦਮਿਕ)

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਸਕੂਲ ਸਿੱਖਿਆ ਅਫਸਰ (ਐ. ਸਿ), ਪੰਜਾਬ
2. ਡਾਇਰੈਕਟਰ ਸਕੂਲ ਸਿੱਖਿਆ ਅਫਸਰ (ਸੈ. ਸਿ), ਪੰਜਾਬ
3. ਡਾਇਰੈਕਟਰ ਕੰਪਿਊਟਰ, ਪਸਸਬ